**Exam. Code : 106001**
**Subject Code : 1487**

# Bachelor of Design (BOD) 1st Semester

## PUNJABI COMPULSORY

## Paper–VIII (i)

Time Allowed—3 Hours] [Maximum Marks—50

**ਨੋਟ :-** ਕੋਈ **ਪੰਜ** ਪ੍ਰਸ਼ਨ ਕਰੋ, ਹਰੇਕ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕਰੋ।

### ਭਾਗ–ੳ

1. 'ਜਵਾਨ ਪੰਜਾਬ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 10

2. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ
ਚਰਿਤਰ ਹੀਣ ਕਹੇ ਕਿਉਂ
ਜੀਭ ਜਹਾਨ ਦੀ ?
ਚਰਿਤਰ ਹੀਣ ਤੇ ਤਾਂ ਕੋਈ ਆਖੇ
ਜੇਕਰ ਲੂਣਾ ਵੇਚੇ ਹਾਸੇ
ਪਰ ਜੇ ਹਾਣ ਨਾ ਲੱਭਣ ਮਾਪੇ
ਹਾਣ ਲੱਭਣ ਵਿਚ ਗੱਲ ਕੀਹ ਹੈ
ਅਪਮਾਨ ਦੀ ? 10

### ਭਾਗ–ਅ

3. 'ਹਵਾ ਵਿਚ ਗਰਜ' ਸੰਸਮਰਣ ਦਾ ਸੰਖੇਪ ਸਾਰ ਲਿਖੋ। 10
4. '1917 ਤੋਂ ਪਹਿਲਾਂ ਰੂਸ' ਸੰਸਮਰਣ ਦੀ ਲਿਖਣ-ਸ਼ੈਲੀ ਸੰਬੰਧੀ ਆਪਣੇ ਵਿਚਾਰ ਪੇਸ਼ ਕਰੋ। 10



Scanned with CamScanner

### ਭਾਗ–ਏ

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉੱਤੇ ਪੈਰ੍ਹਾ ਰਚਨਾ ਲਿਖੋ :
   (ੳ) ਵੱਧ ਰਿਹਾ ਨਸ਼ਿਆਂ ਦਾ ਰੁਝਾਨ
   (ਅ) ਮਨੁੱਖ ਅਤੇ ਕਲਾ
   (ੲ) ਸਾਹਿਤ ਅਤੇ ਸਭਿਆਚਾਰ। 10

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :
   ਸਾਡੇ ਜੀਵਨ ਦਾ ਇੱਕ ਪ੍ਰਤੱਖ ਅਤੇ ਮਹਾਨ ਅੰਗ ਉਪਜੀਵਕਾ ਕਮਾਉਣਾ ਹੈ। ਇਸ ਦ੍ਰਿਸ਼ਟੀਕੋਣ ਤੋਂ ਵੇਖਿਆਂ ਪਤਾ ਲੱਗਦਾ ਹੈ ਕਿ ਜਿਸ ਮਨੁੱਖ ਜਾਂ ਇਸਤਰੀ ਨੇ ਆਪਣੀ ਪਹਿਲੀ ਅਵੱਸਥਾ ਵਿੱਚ ਆਪਣੇ ਆਪ ਨੂੰ ਉਪਜੀਵਕਾ ਕਮਾਉਣ ਲਈ ਘਾਲ ਨਹੀਂ ਘਾਲੀ, ਉਹ ਖੇਤਰ ਵਿੱਚ ਪਿੱਛੇ ਰਹਿ ਜਾਂਦਾ ਹੈ। ਜੋ ਕਿਸੇ ਵਿਹਾਰ ਜਾਂ ਕਾਰਜ ਉੱਤੇ ਦਿਲ ਲਗਾ ਕੇ ਮਿਹਨਤ ਕਰਨ ਵਲੋਂ ਅਵੇਸਲੇ ਹੋ ਜਾਣ, ਉਹਨਾਂ ਦਾ ਇਸ ਸੰਸਾਰ ਵਿੱਚ ਝੱਟ ਨਹੀ ਟੱਪਦਾ। ਨਿਰੀ ਉਪਜੀਵਕਾ ਕਮਾਉਣ ਵਾਸਤੇ ਹੀ ਜੀਉਣਾ ਬਹੁਤ ਉੱਚਾ ਆਦਰਸ਼ ਨਹੀਂ। ਮਿਹਨਤ ਦਾ ਮਨੁੱਖੀ ਸੁਭਾਅ ਉੱਤੇ ਅਦੁੱਤੀ ਪ੍ਰਭਾਵ ਪੈਂਦਾ ਹੈ।
   1. ਨੌਕਰੀ ਵਿੱਚ ਲਾਪਰਵਾਹੀ ਕਰਨ ਦਾ ਸਿੱਟਾ ਕੀ ਹੁੰਦਾ ਹੈ ?
   2. ਕੀ ਕੇਵਲ ਰੋਜ਼ੀ ਕਮਾਉਣ ਲਈ ਜੀਵਨ ਗੁਜ਼ਾਰਨਾ ਚੰਗੀ ਗੱਲ ਹੈ ?
   3. ਪੈਰ੍ਹੇ ਦਾ ਸਿਰਲੇਖ ਦਿਉ।
   4. ਲਕੀਰੇ ਸ਼ਬਦਾਂ ਦੇ ਅਰਥ ਲਿਖੋ।
   5. ਪੈਰ੍ਹੇ ਵਿੱਚ ਕੋਈ ਪੰਜ ਨਾਂਵ ਚੁਣੋ। 10

### ਭਾਗ–ਸ

7. ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਦੀਆਂ ਮੁਖ ਵਿਸ਼ੇਸ਼ਤਾਈਆਂ ਬਾਰੇ ਜਾਣਕਾਰੀ ਦਿਉ। 10
8. ਪੰਜਾਬੀ ਦੀਆਂ ਵਿਅੰਜਨ ਧੁਨੀਆਂ 'ਤੇ ਨੋਟ ਲਿਖੋ। 10



Scanned with CamScanner